# ਵਿਆਪਕ ਹੱਥਖੱਡੀ ਵਿਕਾਸ ਯੋਜਨਾ

## 1. ਪ੍ਰਸਤਾਵਨਾ :

ਹੱਥਖੱਡੀ ਬੁਣਾਈ ਭਾਰਤੀ ਸਾਂਸਕ੍ਰਿਤਕ ਵਿਰਾਸਤ ਦਾ ਸੰਪੰਨ ਅਤੇ ਸਭ ਤੋਂ ਜ਼ਿਆਦਾ ਪ੍ਰਗਤੀਸ਼ੀਲ ਪਹਿਲੂ ਹੈ। ਹੱਥਖੱਡੀ ਕੱਪੜਿਆਂ 'ਚ ਹਾਸਿਲ ਕੀਤੀ ਗਈ ਕਾਰੀਗਰੀ ਅਤੇ ਕਸੀਦਾਕਾਰੀ ਵੀ ਅਦਭੁੱਤ ਹੈ। ਇਸ ਖੇਤਰ ਤੋਂ ਇਲਾਵਾ ਰੋਜ਼ਗਾਰ ਅਤੇ ਆਰਥਿਕ ਲਾਭਾਂ ਦੇ ਸਿਰਜਣ ਦੀ ਸੰਭਾਵਨਾ ਦਾ ਦੋਹਨ ਕਰਨ ਲਈ ਜ਼ਰੂਰੀ ਉਪੇਖਿਆ ਅਤੇ ਹੱਥਖੱਡੀ ਬੁਣਕਰਾਂ ਅਤੇ ਲਲਾਰੀਆਂ ਦੀ ਕੁਸ਼ਲਤਾ ਵਿਚ ਲਗਾਤਾਰ ਸੁਧਾਰ ਕਰਨਾ, ਤਕਨੀਕੀ ਰੂਪ ਨਾਲ ਟਰੇਂਡ ਜਨਸ਼ਕਤੀ ਦੀ ਉਪਲਬਧਤਾ ਨਿਸ਼ਚਿਤ ਕਰਨਾ, ਮਸ਼ੀਨਾਂ ਅਤੇ ਉਪਕਰਣਾਂ ਅਤੇ ਨਿਰਮਾਣ ਪ੍ਰਕ੍ਰਿਆਵਾਂ ਦਾ ਵਿਕਾਸ, ਬਜ਼ਾਰ ਮਾਂਗ ਦੇ ਅਨੁਸਾਰ ਉਤਪਾਦਾਂ ਦੇ ਡਿਜ਼ਾਇਨਾਂ ਅਤੇ ਗੁਣਵਤਾ ਦਾ ਵਿਕਾਸ ਕਰਨਾ ਅਤੇ ਹੱਥਖੱਡੀ ਬੁਣਕਰਾਂ ਅਤੇ ਕਾਰੀਗਰਾਂ ਨੂੰ ਇਨ੍ਹਾਂ ਪਹਿਲੂਆਂ ਨਾਲ ਸਬੰਧਤ ਸੂਚਨਾ ਦਾ ਪ੍ਰਸਾਰ ਕਰਨਾ ਹੈ।

## 2. ਯੋਜਨਾ ਦਾ ਉਦੇਸ਼ :

ਵਿਆਪਕ ਹੱਥਖੱਡੀ ਵਿਕਾਸ ਯੋਜਨਾ ਵਿਚ ਅਨੇਕ ਪ੍ਰੋਗਰਾਮਾਂ ਦੇ ਜ਼ਰੀਏ ਤਕਨੀਕੀ ਵਿਕਾਸ ਦਾ ਉਦੇਸ਼ ਹੈ ਜਿਸ ਵਿਚ ਬੁਣਕਰਾਂ ਦੀ ਕੁਸ਼ਲਤਾ ਦਾ ਵਿਕਾਸ, ਡਿਜ਼ਾਇਨ ਵਿਕਾਸ ਅਤੇ ਬਜ਼ਾਰ ਮਾਂਗ ਨੂੰ ਪੂਰਾ ਕਰਨ ਲਈ ਉਤਪਾਦ ਵਿਕਾਸ ਅਤੇ ਹੱਥਖੱਡੀ ਬੁਣਕਰਾਂ ਦੀ ਉਤਪਾਦਕਤਾ ਅਤੇ ਆਮਦਨ ਵਿਚ ਸੁਧਾਰ ਸ਼ਾਮਲ ਹੈ। ਯੋਜਨਾ ਦੇ ਮੁੱਖ ਉਦੇਸ਼ ਹਨ :-

(i) ਡਿਜ਼ਾਇਨ ਵਿਕਾਸ ਅਤੇ ਤਕਨੀਕ, ਪ੍ਰਦਰਸ਼ਨੀਆਂ ਤੇ ਸੈਮੀਨਾਰਾਂ ਦੇ ਜ਼ਰੀਏ ਬੁਣਕਰਾਂ ਨੂੰ ਇਸ ਦੇ ਪ੍ਰਸਾਰ ਵਿਚ ਬੁਣਕਰ ਸੇਵਾ ਕੇਂਦਰਾਂ (ਡਬਲਯੂ.ਐੱਸ.ਸੀ.) ਦੇ ਕਾਰਜਾਂ ਦਾ ਮਜ਼ਬੂਤੀਕਰਨ,

(ii) ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ (ਆਈ.ਆਈ.ਐੱਚ.ਟੀ.) ਦੇ ਢਾਂਚੇ ਵਿਚ ਸੁਧਾਰ ਕਰਨਾ ਤਾਂਕਿ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ, ਉਪਕਰਣ ਅਤੇ ਉੱਨਤ ਤਕਨੀਕ ਦੇ ਉਪਯੋਗ ਦੇ ਨਾਲ ਉੱਚ ਮਾਨਕਾਂ ਦਾ ਵਿਕਾਸ ਕਰਨ ਵਿਚ ਸਮਰੱਥ ਬਣਾਇਆ ਜਾ ਸਕੇ।

(iii) ਹੱਥਖੱਡੀ ਉਦਯੋਗ ਦੀ ਤਕਨੀਕੀ ਰੂਪ ਨਾਲ ਟਰੇਂਡ ਜਨਸ਼ਕਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਵੇਂ ਬੁਣਕਰ ਸੇਵਾ ਕੇਂਦਰ ਅਤੇ ਆਈ.ਆਈ.ਐੱਚ.ਟੀ. ਦੀ ਸਥਾਪਨਾ ਕਰਨਾ ਜਿਸ ਦੇ ਰਾਹੀਂ ਇਸ ਖੇਤਰ ਵਿਚ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ।

(iv) ਬੁਣਕਰ ਸੇਵਾ ਕੇਂਦਰ ਅਤੇ ਆਈ.ਆਈ.ਐੱਚ.ਟੀ. ਦੇ ਕਰਮਚਾਰੀਆਂ ਦੀ ਟਰੇਨਿੰਗ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨਾ ਤਾਂਕਿ ਉਨ੍ਹਾਂ ਨੂੰ ਤੇਜ਼ੀ ਨਾਲ ਬਦਲਦੀ ਹੋਈ ਤਕਨੀਕ, ਉਤਪਾਦਨਾਂ ਦੀਆਂ ਤਕਨੀਕਾਂ, ਬਜ਼ਾਰ ਰੁਝਾਨ ਵਿਸ਼ਲੇਸ਼ਣ, ਸੀ.ਏ.ਡੀ. ਪ੍ਰਣਾਲੀ ਦੇ ਉਪਯੋਗ ਨਾਲ ਡਿਜ਼ਾਇਨ ਵਿਕਾਸ ਆਦਿ ਦੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ।

(v) ਪਰੰਪਰਾਗਤ ਅਤੇ ਸਮਕਾਲੀ ਡਿਜ਼ਾਇਨਾਂ ਦੇ ਵਿਕਾਸ ਲਈ ਰਾਸ਼ਟਰੀ ਕੱਪੜਾ ਡਿਜ਼ਾਇਨ ਕੇਂਦਰ ਦੇ ਕਾਰਜਾਂ ਦਾ ਸੰਚਾਲਨ ਕਰਨਾ ਤਾਂਕਿ ਕੱਪੜਾ ਉਦਯੋਗ, ਖਾਸਕਰ ਹੱਥਖੱਡੀ ਖੇਤਰ ਤੇਜ਼ੀ ਨਾਲ ਬਦਲ ਰਹੀ ਬਜ਼ਾਰ ਮਾਂਗ ਨੂੰ ਪੂਰਾ ਕਰ ਸਕੇ।

(vi) ਤੀਸਰੀ ਹੱਥਖੱਡੀ ਸੰਬੰਧੀ ਗਣਨਾ ਕਰਨਾ ਤਾਂਕਿ ਸਹੀ ਢੰਗ ਨਾਲ ਇਸ ਖੇਤਰ ਦਾ ਅੰਕੜਿਆਂ ਦੇ ਅਧਾਰ ਤੇ ਅਧਿਅਨ ਕੀਤਾ ਜਾ ਸਕੇ ਅਤੇ ਹੱਥਖੱਡੀ ਬੁਣਕਰਾਂ ਦੇ ਲਾਭ ਲਈ ਜ਼ਿਆਦਾ ਉਪਯੋਗੀ ਅਤੇ ਕਾਰਗਰ ਯੋਜਨਾਵਾਂ ਅਸਾਨੀ ਨਾਲ ਤਿਆਰ ਕੀਤੀਆਂ ਜਾ ਸਕਣ।

(vii) ਹੱਥਖੱਡੀ ਬੁਣਕਰਾਂ ਨੂੰ ਵਿਭਿੰਨ ਲਾਭਾਂ ਦੇ ਪ੍ਰਤੱਖ ਰੂਪ ਵਿਚ ਪਹੁੰਚ ਨਿਸ਼ਚਿਤ ਕਰਨ ਲਈ ਬੁਣਕਰਾਂ ਅਤੇ ਮਾਸਟਰ ਬੁਣਕਰਾਂ ਦੀ ਪਛਾਣ, ਰਜਿਸਟ੍ਰੇਸ਼ਨ ਅਤੇ ਪ੍ਰਮਾਣਿਕਤਾ ਲਈ ਇਕ ਮੁਹਿੰਮ ਚਲਾਏ ਜਾਣ ਦੀ ਜ਼ਰੂਰਤ ਹੈ। ਹੱਥਖੱਡੀ ਬੁਣਕਰਾਂ ਨੂੰ ਪਛਾਣ-ਪੱਤਰ ਜਾਰੀ ਕੀਤੇ ਜਾਣਗੇ ਜਿਸ ਨਾਲ ਇਹ ਨਿਸ਼ਚਿਤ ਹੋਵੇਗਾ ਕਿ ਹੱਥਖੱਡੀ ਨਾਲ ਸਬੰਧਤ ਵਿਭਿੰਨ ਯੋਜਨਾਵਾਂ ਦੇ ਲਾਭ ਸਿਰਫ਼ ਵਾਸਤਵਿਕ ਬੁਣਕਰਾਂ ਨੂੰ ਹੀ ਮਿਲਦੇ ਹਨ।

## 3. ਭਾਗ

ਯੋਜਨਾ ਵਿਚ ਹੇਠ ਲਿਖੇ ਭਾਗ ਸ਼ਾਮਲ ਹਨ-

| ਕ੍ਰ.ਨੰ. | ਭਾਗ |
|---|---|
| 3.1 | ਬੁਣਕਰ ਸੇਵਾ ਕੇਂਦਰਾਂ/ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਦਾ ਮਜ਼ਬੂਤੀਕਰਨ |
| 3.2 | ਰਾਸ਼ਟਰੀ ਕੱਪੜਾ ਡਿਜ਼ਾਇਨ ਕੇਂਦਰ (ਐੱਨ.ਸੀ.ਟੀ.ਡੀ.) |
| 3.3 | ਰਿਸਰਚ ਅਤੇ ਵਿਕਾਸ (ਆਰ ਐਂਡ ਡੀ) |
| 3.4 | ਜੰਮੂ-ਕਸ਼ਮੀਰ ਉੱਨ ਪਰਿਯੋਜਨਾ |
| 3.5 | ਬੁਣਕਰ ਸੇਵਾ ਕੇਂਦਰ (ਜੰਮੂ ਤੇ ਕਸ਼ਮੀਰ) |
| 3.6 | ਕੇਂਦਰੀ ਖੇਤਰ ਵਿਚ ਨਵੇਂ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੀ ਸਥਾਪਨਾ |
| 3.7 | ਤੀਸਰੀ ਹੱਥਖੱਡੀ ਜਨਗਣਨਾ ਕਰਨਾ ਅਤੇ ਹੱਥਖੱਡੀ ਬੁਣਕਰਾਂ ਨੂੰ ਪਛਾਣ-ਪੱਤਰ ਜਾਰੀ ਕਰਨਾ |

## 3.1 ਬੁਣਕਰ ਸੇਵਾ ਕੇਂਦਰਾਂ/ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਦਾ ਮਜ਼ਬੂਤੀਕਰਨ

ਹੱਥਖੱਡੀ ਖੇਤਰ ਨੂੰ ਬਿਜਲੀ-ਖੱਡੀ ਅਤੇ ਮਿੱਲ ਖੇਤਰਾਂ ਤੋਂ ਸਖ਼ਤ ਕੰਪੀਟਿਸ਼ਨ ਮਿਲ ਰਿਹਾ ਹੈ। ਇਸ ਲਈ ਜਦੋਂ ਤਕ ਜ਼ਰੂਰੀ ਤਕਨੀਕੀ ਇਨਪੁਟਸ ਦੇ ਜ਼ਰੀਏ ਇਸ ਖੇਤਰ ਦਾ ਆਧੁਨਿਕੀਕਰਣ ਨਹੀਂ ਕੀਤਾ ਜਾਂਦਾ, ਓਦੋਂ ਤਕ ਕੰਪੀਟਿਸ਼ਨ ਦੇ ਕਾਰਨ ਇਸ ਦੀ ਹੋਂਦ ਨੂੰ ਕਾਇਮ ਰਖਣਾ ਮੁਸ਼ਕਲ ਹੋਵੇਗਾ। ਇਸ ਲਈ ਬੁਣਕਰ ਸੇਵਾ ਕੇਂਦਰਾਂ (ਡਬਲਯੂ.ਐੱਸ.ਸੀ.) ਅਤੇ ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ (ਆਈ.ਆਈ.ਐੱਚ.ਟੀ.) ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ।

ਹੱਥਖੱਡੀ ਖੇਤਰ ਵਿਚ ਬੁਣਕਰਾਂ ਦੀ ਕੁਸ਼ਲਤਾ ਦਾ ਵਿਕਾਸ ਕਰਕੇ ਅਤੇ ਉਤਪਾਦਕਤਾ ਨੂੰ ਵਧਾਉਣ ਲਈ ਉਨ੍ਹਾਂ ਨੂੰ ਟਰੇਨਿੰਗ ਪ੍ਰਦਾਨ ਕਰਨ ਵਿਚ ਇਸ ਸਮੇਂ 25 ਡਬਲਯੂ.ਐੱਸ.ਸੀ. ਅਤੇ 4 ਆਈ.ਆਈ.ਐੱਚ.ਟੀ. ਵਲੋਂ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾ ਰਹੀ ਹੈ। ਇਹ ਅਨੇਕ ਨਵੇਂ ਡਿਜ਼ਾਇਨ ਤਿਆਰ ਕਰਨ ਅਤੇ ਪਰੰਪਰਾਗਤ ਡਿਜ਼ਾਇਨਾਂ ਨੂੰ ਜ਼ਿੰਦਾ ਰਖਣ ਵਿਚ ਵੀ ਪ੍ਰਸੰਗਕ ਰਹੇ ਹਨ। ਡਬਲਯੂ.ਐੱਸ.ਸੀ. ਵਲੋਂ ਮੁੱਢਲੇ ਰੂਪ ਨਾਲ ਵਿਸਤਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਬੁਣਕਰਾਂ ਨੂੰ ਉਨ੍ਹਾਂ ਦੇ ਕਾਰਜ ਸਥਾਨਾਂ ਤੇ ਡਿਜ਼ਾਇਨ ਸਬੰਧੀ ਜਾਣਕਾਰੀ ਅਤੇ ਜ਼ਰੂਰਤਾਂ, ਕੁਸ਼ਲਤਾ ਅਤੇ ਤਕਨੀਕ ਦਾ ਲੈਣ-ਦੇਣ ਸ਼ਾਮਲ ਹੁੰਦਾ ਹੈ। ਆਈ.ਆਈ.ਐੱਚ.ਟੀ. ਦੇ ਕੰਮਾਂ ਮੁੱਖ ਰੂਪ ਨਾਲ ਹੱਥਖੱਡੀ ਖੇਤਰ ਲਈ ਯੋਗ ਅਤੇ ਟਰੇਂਡ ਜਨਸ਼ਕਤੀ ਤਿਆਰ ਕਰਕੇ ਉਨ੍ਹਾਂ ਨੂੰ ਉਪਲਬਧ ਕਰਾਉਣਾ ਅਤੇ ਹੱਥਖੱਡੀ ਉਦਯੋਗ ਦੇ ਸਾਰੇ ਪਹਿਲੂਆਂ ਤੇ ਪ੍ਰਯੋਗ ਸਬੰਧੀ ਰਿਸਰਚ ਪ੍ਰੋਗਰਾਮ ਚਲਾਉਣਾ ਹੈ।

ਡਬਲਯੂ.ਐੱਸ.ਸੀ. ਅਤੇ ਆਈ.ਆਈ.ਐੱਚ.ਟੀ. ਦੇ ਮਜ਼ਬੂਤੀਕਰਨ ਲਈ ਹੇਠ ਲਿਖੇ ਕਾਰਜ ਕੀਤੇ ਜਾਣਗੇ :

(i) ਡਿਜ਼ਾਇਨ ਪ੍ਰਦਰਸ਼ਨੀ ਤੇ ਰੰਗਾਈ ਵਰਕਸ਼ਾਪਾਂ ;

(ii) ਕੇਂਦਰੀ ਖੇਤਰ ਵਿਚ ਬੁਣਕਰ ਸੇਵਾ ਕੇਂਦਰਾਂ ਦੀ ਸਥਾਪਨਾ ;

(iii) ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੇ ਲਈ ਢਾਂਚਾ ;

(iv) ਰਾਜ ਖੇਤਰ ਵਿਚ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੀ ਸਥਾਪਨਾ ਲਈ ਆਰਥਿਕ ਸਹਾਇਤਾ ;

(v) ਆਈ.ਆਈ.ਐੱਚ.ਟੀ. ਜੋਧਪੁਰ ਨੂੰ ਜਾਰੀ ਰਖਣਾ ;

(vi) ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਵਿਚ ਕਰਮਚਾਰੀਆਂ ਦੀ ਟਰੇਨਿੰਗ।

## 3.1.1 ਡਿਜ਼ਾਇਨ ਪ੍ਰਦਰਸ਼ਨੀ ਤੇ ਰੰਗਾਈ ਵਰਕਸ਼ਾਪਾਂ

ਇਹ ਭਾਗ "ਲੈਬ ਟੂ ਲੈਂਡ" ਧਾਰਨਾ ਤੇ ਅਧਾਰਤ ਹੈ ਅਤੇ ਇਸ ਨੂੰ ਦੂਰ-ਦੁਰਾਡੀਆਂ ਥਾਵਾਂ ਤੇ ਵੀ ਤਕਨੀਕੀ ਸੂਚਨਾ ਦਾ ਪ੍ਰਸਾਰ ਨਿਸ਼ਚਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਬੁਣਕਰ ਸੇਵਾ ਕੇਂਦਰਾਂ ਵਲੋਂ ਸਾਲ 1995-96 ਵਿਚ ਰੰਗਾਈ-ਡਿਜ਼ਾਇਨ ਵਰਕਸ਼ਾਪਾਂ ਦਾ ਆਯੋਜਨ ਕੀਤਾ। ਹੱਥਖੱਡੀ ਬੁਣਕਰਾਂ ਵਿਚ ਇਨ੍ਹਾਂ ਵਰਕਸ਼ਾਪਾਂ ਦੀ ਉਪਯੋਗਤਾ ਨੂੰ ਧਿਆਨ ਵਿਚ ਰਖਦੇ ਹੋਏ ਗਿਆਰ੍ਹਵੀਂ ਯੋਜਨਾ ਦੇ ਦੌਰਾਨ ਇਸ ਕਾਰਜ ਨੂੰ ਜਾਰੀ ਰਖਣ ਦਾ ਨਿਰਣਾ ਲਿਆ ਗਿਆ ਹੈ। ਬੁਣਕਰਾਂ ਦੇ ਕਾਰਜ ਸਥਾਨਾਂ ਤੇ ਕੱਪੜਾ ਡਿਜ਼ਾਇਨ ਉਪਲਬਧ ਕਰਾਉਣ ਤੋਂ ਇਲਾਵਾ ਰੰਗਾਈ ਦੀਆਂ ਵਿਕਸਿਤ ਤਕਨੀਕਾਂ ਦੇ ਵਿਕਾਸ ਅਤੇ ਪ੍ਰਚਾਰ-ਪ੍ਰਸਾਰ ਲਈ ਡਬਲਯੂ.ਐੱਸ.ਸੀ. ਵਲੋਂ ਇਹ ਵਰਕਸ਼ਾਪਾਂ ਹੱਥਖੱਡੀ ਸਮੂਹਾਂ ਵਿਚ ਆਯੋਜਿਤ ਕੀਤੀਆਂ ਜਾਣਗੀਆਂ। ਹਰੇਕ ਪ੍ਰੋਗਰਾਮ ਦਾ ਪੀਰੀਅਡ 2-3 ਦਿਨ ਦਾ ਹੈ। ਹਰੇਕ ਪ੍ਰੋਗਰਾਮ ਤੇ ਅੰਦਾਜ਼ਨ ਖ਼ਰਚ 10,000/-ਰੁ. ਹੈ ਅਤੇ ਹਰੇਕ ਵਰਕਸ਼ਾਪ ਵਿਚ ਲਗਭਗ 100 ਲਾਭ ਪ੍ਰਾਪਤਕਰਤਾ ਸ਼ਾਮਲ ਹੋਣਗੇ। ਹਰੇਕ ਸਾਲ ਅਜਿਹੀਆਂ 250 ਵਰਕਸ਼ਾਪਾਂ ਆਯੋਜਿਤ ਕਰਨ ਦਾ ਟੀਚਾ ਹੈ। ਵਸਤੂ ਅਨੁਸਾਰ ਆਰਥਿਕ ਵੇਰਵਾ ਹੇਠਾਂ ਦਰਸਾਇਆ ਗਿਆ ਹੈ :-

| | | |
|---|---|---|
| (ਕ) | ਢਾਂਚਾ ਸਬੰਧੀ ਵਿਵਸਥਾ (ਕੁਰਸੀਆਂ, ਮੇਜ਼ਾਂ ਅਤੇ ਤੰਬੂ ਆਦਿ ਕਿਰਾਏ ਤੇ ਲੈਣਾ) | 3000.00 ਰੁਪਏ |
| (ਖ) | ਡਿਜ਼ਾਇਨਾਂ ਅਤੇ ਕੱਪੜਾ ਨਮੂਨਿਆਂ ਦੀ ਪ੍ਰਸਤੁਤੀ/ਪ੍ਰਦਰਸ਼ਨ | 1500.00 ਰੁਪਏ |
| (ਗ) | ਕਲਾ ਸਮੱਗਰੀ, ਧਾਗਿਆਂ, ਫੈਬਰਿਕਸ, ਡਿਜ਼ਾਇਨ, ਰੰਗਾਈ ਅਤੇ ਛਪਾਈ ਲਈ ਰੰਗਾਂ ਅਤੇ ਰਸਾਇਣਾਂ ਵਰਗੀ ਕੱਚੀ ਸਮੱਗਰੀ ਦੀ ਖ਼ਰੀਦ | 2000.00 ਰੁਪਏ |
| (ਘ) | ਪ੍ਰਚਾਰ (ਸੱਦਾ ਪੱਤਰ, ਬੈਨਰ, ਕਿਤਾਬਚੇ, ਹੈਂਡ ਬਿਲ ਆਦਿ) | 1000.00 ਰੁਪਏ |
| (ਙ) | ਸਿੱਖਿਆਰਥੀਆਂ ਲਈ ਚਾਹ-ਪਾਣੀ 10/-ਰੁ. ਪ੍ਰਤੀ ਸਿਖਿਆਰਥੀ ਦੀ ਦਰ ਨਾਲ | 1000.00 ਰੁਪਏ |
| (ਚ) | ਟ੍ਰਾਂਸਪੋਰਟ (ਪ੍ਰਦਰਸ਼ਨੀ ਸਮੱਗਰੀ ਲਿਜਾਣ ਲਈ ਟੈਕਸੀ/ਜੀਪ ਕਿਰਾਏ ਤੇ ਲੈਣਾ) | 1000.00 ਰੁਪਏ |
| (ਛ) | ਹੋਰ ਖਰਚੇ | 500.00 ਰੁਪਏ |
| | ਕੁਲ | 10,000.00 ਰੁਪਏ |

**ਯੋਗ ਲਾਭ ਪ੍ਰਾਪਤਕਰਤਾ** : ਹੱਥਖੱਡੀ ਬੁਣਕਰ

**ਕਾਰਜਕਾਰੀ ਏਜੰਸੀ** : ਕਾਰਜਕਾਰੀ ਏਜੰਸੀਆਂ ਸਬੰਧਤ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਬੁਣਕਰ ਸੇਵਾ ਕੇਂਦਰ ਹਨ।

**ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ** : ਇਹ ਭਾਗ ਕੇਂਦਰ ਸਰਕਾਰ ਵਲੋਂ 100% ਆਰਥਿਕ ਪੋਸ਼ਿਤ ਹੋਵੇਗਾ।

## 3.1.2 ਕੇਂਦਰੀ ਖੇਤਰ ਵਿਚ ਬੁਣਕਰ ਸੇਵਾ ਕੇਂਦਰਾਂ ਦੀ ਸਥਾਪਨਾ

ਇਸ ਭਾਗ ਵਿਚ ਭਾਰਤ ਸਰਕਾਰ ਵਲੋਂ ਨਵੇਂ ਬੁਣਕਰ ਸੇਵਾ ਕੇਂਦਰ ਖੋਲ੍ਹੇ ਜਾਣ ਦਾ ਨਿਯਮ ਹੈ। ਗਿਆਰ੍ਹਵੀਂ ਯੋਜਨਾ ਲਈ ਕੱਪੜਾ ਅਤੇ ਪਟਸਨ ਉਦਯੋਗ ਸਬੰਧੀ ਕਾਰਜ ਦਲ ਨੇ ਹੱਥਖੱਡੀ ਬਹੁਲਤਾ ਵਾਲੀ ਆਬਾਦੀ ਅਤੇ ਨਵੇਂ ਬਣੇ ਰਾਜਾਂ ਵਲੋਂ ਭਾਰੀ ਮਾਂਗ ਨੂੰ ਧਿਆਨ ਵਿਚ ਰਖਦੇ ਹੋਏ ਕੁਝ ਹੋਰ ਬੁਣਕਰ ਸੇਵਾ ਕੇਂਦਰ ਸਥਾਪਤ ਕਰਨ ਦੀ ਸਿਫਾਰਿਸ਼ ਕੀਤੀ ਸੀ। 11ਵੀਂ ਯੋਜਨਾ ਦੇ ਦੌਰਾਨ ਹੋਰ ਜ਼ਿਆਦਾ ਡਬਲਯੂ.ਐੱਸ.ਸੀ. ਸਥਾਪਤ ਕਰਨ ਦਾ ਨਿਰਣਾ ਲਿਆ ਗਿਆ ਹੈ।

ਕੇਂਦਰੀ ਖੇਤਰ ਵਿਚ ਇਕ ਡਬਲਯੂ.ਐੱਸ.ਸੀ. ਦੀ ਸਥਾਪਨਾ ਅਤੇ ਪੰਜ ਸਾਲ ਤਕ ਉਸ ਨੂੰ ਚਲਾਉਣ ਦੀ ਲਾਗਤ ਹੇਠ ਲਿਖੇ ਵੇਰਵੇ ਦੇ ਅਨੁਸਾਰ ਲਗਭਗ 7.71 ਕਰੋੜ ਰੁ. ਆਉਣ ਦਾ ਅਨੁਮਾਨ ਹੈ :

| ਕ੍ਰ.ਨੰ. | ਵਸਤੂਆਂ (ਆਈਟਮ) | ਨਿਯਤ (ਪ੍ਰੋਵੀਜ਼ਨ) |
|---|---|---|
| **ਕ** | **ਢਾਂਚਾ (ਇੰਫ੍ਰਾਸਟ੍ਰੱਕਚਰ (ਇਕੋ ਵਾਰ ਦਿੱਤਾ ਜਾਣ ਵਾਲਾ)** | |
| (i) | ਜ਼ਮੀਨ | ਰਾਜ ਸਰਕਾਰ ਵਲੋਂ ਮੁਫ਼ਤ ਮੁਹੱਈਆ ਕਰਾਈ ਜਾਣੀ ਹੈ। |
| (ii) | ਪੂੰਜੀਗਤ ਖ਼ਰਚ | ਬਿਲਡਿੰਗ ਬਣਾਉਣ ਲਈ 500.00 ਲੱਖ ਰੁ. |
| (iii) | ਫਰਨੀਚਰ ਤੇ ਜੁੜਨਾਰ | 5.00 ਲੱਖ ਰੁ. |
| (iv) | ਸੀਏਡੀ/ਸੀ.ਐੱਮ./ਕੰਪਿਊਟਰ/ਜਾਂਚ ਉਪਕਰਣ ਸਹਿਤ ਮਸ਼ੀਨਾਂ ਅਤੇ ਉਪਕਰਣ | 15.00 ਲੱਖ ਰੁ. |
| | ਉਪ-ਜੋੜ (ਇਕੋ ਵਾਰ ਦਿੱਤਾ ਜਾਣ ਵਾਲੀ ਸਹਾਇਤਾ) (ਕ) | 520.00 ਲੱਖ ਰੁ. |
| **ਖ** | **ਵਾਰ-ਵਾਰ ਹੋਣ ਵਾਲਾ ਖ਼ਰਚ (ਕਰਮਚਾਰੀਆਂ ਦੀ ਤਨਖ਼ਾਹ ਆਦਿ ਉੱਤੇ)** | |
| (i) | ਹੇਠਾਂ 3.1.4 (ਖ) ਵਿਚ ਦਿੱਤੇ ਗਏ ਵੇਰਵੇ ਦੇ ਅਨੁਸਾਰ 29 ਅਹੁਦਿਆਂ ਲਈ ਤਨਖ਼ਾਹ ਸਬੰਧੀ ਨਿਯਮ | 35.00 ਲੱਖ ਰੁ. |
| (ii) | ਓ.ਈ.ਏ., ਟੀ.ਏ., ਓ.ਈ., ਛੋਟੇ ਕਾਰਜ, ਆਰ.ਆਰ.ਟੀ., ਵਜ਼ੀਫ਼ਾ ਆਦਿ ਵਰਗੇ ਹੋਰ ਖ਼ਰਚ | 15.20 ਲੱਖ ਰੁ. |
| | ਉਪ-ਜੋੜ (ਵਾਰ-ਵਾਰ ਹੋਣ ਵਾਲਾ ਖ਼ਰਚ) (ਖ) | 50.20 ਲੱਖ ਰੁ. ਹਰ ਸਾਲ ਭਾਵ 251.00 ਲੱਖ ਰੁ. 5 ਸਾਲ ਤਕ |
| | ਕੁਲ ਜੋੜ (ਕ + ਖ) | 771 ਲੱਖ ਰੁ. 5 ਸਾਲ ਤਕ |

## 3.1.3 ਬੁਣਕਰ ਸੇਵਾ ਕੇਂਦਰਾਂ/ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਲਈ ਢਾਂਚਾ

ਮੌਜੂਦਾ 25 ਡਬਲਯੂ.ਐੱਸ.ਸੀ. ਵਿਚੋਂ 10 ਡਬਲਯੂ.ਐੱਸ.ਸੀ. ਕਿਰਾਏ ਤੇ ਲਏ ਗਏ ਨਿਜੀ ਭਵਨਾਂ ਵਿਚ ਚਲਾ ਰਹੇ ਹਨ। ਕੰਮ ਲਈ ਚੰਗੇ ਮਾਹੌਲ ਮੁਹੱਈਆ ਕਰਾਉਣ ਅਤੇ ਕਿਰਾਏ ਉੱਤੇ ਹੋਣ ਵਾਲੇ ਭਾਰੀ ਖ਼ਰਚ ਨੂੰ ਘੱਟ ਕਰਨ ਲਈ ਇਹ ਨਿਰਣਾ ਲਿਆ ਗਿਆ ਹੈ ਕਿ ਅਜਿਹੇ ਡਬਲਯੂ.ਐੱਸ.ਸੀ. ਨੂੰ ਆਪਣੇ ਖੁਦ ਦੇ ਭਵਨਾਂ ਵਿਚ ਸਥਾਪਤ ਕੀਤਾ ਜੋ ਡਬਲਯੂ.ਐੱਸ.ਸੀ. ਲਈ ਜ਼ਮੀਨ ਦੇਣ ਅਤੇ ਦਫ਼ਤਰ ਭਵਨਾਂ ਅਤੇ ਸਟਾਫ਼ ਕੁਆਟਰਾਂ ਦੇ ਨਿਰਮਾਣ ਵਰਗੇ ਕੰਮ 11ਵੀਂ ਯੋਜਨਾ ਦੇ ਦੌਰਾਨ ਸ਼ੁਰੂ ਕੀਤੇ ਜਾਣਗੇ।

ਡਬਲਯੂ.ਐੱਸ.ਸੀ. ਚਮੌਲੀ, ਪਾਣੀਪਤ, ਕੱਨੂਰ, ਕੋਲਕਾਤਾ ਅਤੇ ਇੰਫਾਲ ਦੇ ਨਵੇਂ ਭਵਨਾਂ ਦੇ ਨਿਰਮਾਣ ਅਤੇ ਆਈ.ਆਈ.ਐੱਚ.ਟੀ. ਵਾਰਾਣਸੀ ਅਤੇ ਜੋਧਪੁਰ ਦੇ ਵਿਸਤਾਰ ਉੱਤੇ ਖ਼ਰਚ ਕੀਤੇ ਜਾਣ ਦਾ ਪ੍ਰਸਤਾਵ ਹੈ। ਹੋਰ ਡਬਲਯੂ.ਐੱਸ.ਸੀ. ਅਤੇ ਆਈ.ਆਈ.ਐੱਚ.ਟੀ. ਦੇ ਭਵਨਾਂ ਦੇ ਨਿਰਮਾਣ/ਵਿਸਤਾਰ/ਮੁਰੰਮਤ ਉੱਤੇ ਵੀ ਖ਼ਰਚ ਕੀਤਾ ਜਾਏਗਾ। ਇਸ ਵਿਚ ਕਿਰਾਏ ਦੇ ਭਵਨਾਂ ਵਿਚ ਕੰਮ ਕਰ ਰਹੀਆਂ ਡਬਲਯੂ.ਐੱਸ.ਸੀ. ਲਈ ਜ਼ਮੀਨ ਦੀ ਖ਼ਰੀਦ ਦੀ ਲਾਗਤ ਵੀ ਸ਼ਾਮਲ ਹੈ।

**ਕਾਰਜਕਾਰੀ ਏਜੰਸੀਆਂ :** ਇਸ ਭਾਗ ਦਾ ਕੰਮ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਦੀ ਨਿਗਰਾਨੀ ਹੇਠ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਵਲੋਂ ਕੀਤਾ ਜਾਏਗਾ।

**ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :** ਇਸ ਭਾਗ ਦਾ ਪੂਰੀ ਆਰਥਿਕ ਸਹਾਇਤਾ ਕੇਂਦਰ ਸਰਕਾਰ ਵਲੋਂ ਕੀਤੀ ਜਾਏਗੀ।

## 3.1.4 ਰਾਜ ਖੇਤਰ ਵਿਚ ਬੁਣਕਰ ਸੇਵਾ ਕੇਂਦਰਾਂ (ਡਬਲਯੂ.ਐੱਸ.ਸੀ.)/ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ (ਆਈ.ਆਈ.ਐੱਚ.ਟੀ.) ਦੀ ਸਥਾਪਨਾ ਲਈ ਆਰਥਿਕ ਸਹਾਇਤਾ

ਵਿਭਿੰਨ ਰਾਜ ਸਰਕਾਰਾਂ ਤੋਂ ਉਨ੍ਹਾਂ ਦੇ ਰਾਜਾਂ ਵਿਚ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੀ ਸਥਾਪਨਾ ਕੀਤੇ ਜਾਣ ਦੇ ਬਾਰੇ ਵਿਚ ਸਮੇਂ-ਸਮੇਂ ਤੇ ਪ੍ਰਾਪਤ ਬੇਨਤੀਆਂ ਤੇ ਵਿਚਾਰ ਕਰਦੇ ਹੋਏ ਰਾਜ ਸਰਕਾਰਾਂ ਨੂੰ ਇਕੋ ਵਾਰ ਦੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਕੇਂਦਰ ਸਰਕਾਰ ਨੇ 10ਵੀਂ ਯੋਜਨਾ ਦੇ ਦੌਰਾਨ ਇਕ ਸਕੀਮਤ ਤਿਆਰ ਕੀਤੀ ਸੀ। ਵੇਰਵੇ ਹੇਠ ਲਿਖੇ ਅਨੁਸਾਰ ਹਨ :

## 3.1.4 (ਕ) ਰਾਜ ਖੇਤਰ ਵਿਚ ਆਈ.ਆਈ.ਐੱਚ.ਟੀ. ਦੀ ਸਥਾਪਨਾ

ਰਾਜ ਖੇਤਰ ਵਿਚ ਆਈ.ਆਈ.ਐੱਚ.ਟੀ. ਖੋਲ੍ਹਣ ਲਈ ਭਾਰਤ ਸਰਕਾਰ ਹੇਠ ਦਿੱਤੇ ਗਏ ਵੇਰਵੇ ਦੇ ਅਨੁਸਾਰ ਰਾਜ ਸਰਕਾਰ ਨੂੰ ਇਕੋ-ਵਾਰ ਦੀ ਆਰਥਿਕ ਸਹਾਇਤਾ ਉਪਲਬਧ ਕਰਾਏਗੀ :

ਰਾਜ ਖੇਤਰ ਵਿਚ ਨਵੇਂ ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਦੀ ਸਥਾਪਨਾ ਕਰਨ ਲਈ 11ਵੀਂ ਯੋਜਨਾ ਪੀਰੀਅਡ ਦੇ ਦੌਰਾਨ 4.28 ਕਰੋੜ ਰੁ. ਦੀ ਇਕੋ-ਵਾਰੀ ਦਿੱਤੀ ਜਾਣ ਵਾਲੀ ਸਹਾਇਤਾ ਭਾਗ 10.69 ਕਰੋੜ ਰੁ. ਦੀ ਕੁਲ ਲਾਗਤ ਦਾ 40% ਮੁਹੱਈਆ ਕਰਾਇਆ ਜਾਏਗਾ। 10.69 ਕਰੋੜ ਰੁ. ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | | |
|---|---|---|
| 1. | ਜ਼ਮੀਨ ਅਤੇ ਭਵਨ | 9.09 ਕਰੋੜ ਰੁ. |
| 2. | ਫਰਨੀਚਰ ਅਤੇ ਜੜਨਾਰ, ਜ਼ੀਰੋਕਸ ਮਸ਼ੀਨ ਦੀ ਲਾਗਤ | 0.40 ਕਰੋੜ ਰੁ. |
| 3. | ਸਟਾਫ਼ ਕਾਰ, ਸੰਸਥਾਨ ਦੀ ਬਸ | 0.20 ਕਰੋੜ ਰੁ. |
| 4. | ਮਸ਼ੀਨਾਂ ਅਤੇ ਉਪਕਰਣਾਂ ਦੀ ਖ਼ਰੀਦ | 1.00 ਕਰੋੜ ਰੁ. |
| | ਜੋੜ | 10.69 ਕਰੋੜ ਰੁਪਏ |

**ਕਾਰਜਕਾਰੀ ਏਜੰਸੀ :** ਕਾਰਜਕਾਰੀ ਏਜੰਸੀ ਰਾਜ ਸਰਕਾਰ ਹੋਵੇਗੀ ਜੋ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਨਿਰਧਾਰਤ ਮਾਨਦੰਡਾਂ ਦੇ ਅਨੁਸਾਰ ਆਈ.ਆਈ.ਐੱਚ.ਟੀ. ਦੀ ਸਥਾਪਨਾ ਕਰੇਗੀ।

## 3.1.4 (ਖ) ਰਾਜ ਖੇਤਰ ਵਿਚ ਬੁਣਕਰ ਸੇਵਾ ਕੇਂਦਰਾਂ ਦੀ ਸਥਾਪਨਾ ਲਈ ਆਰਥਿਕ ਸਹਾਇਤਾ :

ਇਸ ਭਾਗ ਵਿਚ ਬੁਣਕਰ ਬਹੁਲਤਾ ਵਾਲੇ ਖੇਤਰਾਂ ਵਿਚ ਡਬਲਯੂ.ਐੱਸ.ਸੀ. ਦੀ ਸਥਾਪਨਾ ਲਈ ਰਾਜ ਸਰਕਾਰਾਂ ਨੂੰ ਇਕੋ-ਵਾਰ ਦੀ ਕੇਂਦਰੀ ਆਰਥਿਕ ਸਹਾਇਤਾ ਦਾ ਨਿਯਮ ਹੈ।

ਇਕ ਡਬਲਯੂ.ਐੱਸ.ਸੀ. ਦੀ ਸਥਾਪਨਾ ਅਤੇ ਪੰਜ ਸਾਲ ਤਕ ਉਸ ਦੇ ਚਲਾਉਣ ਦੀ ਲਾਗਤ 7.71 ਕਰੋੜ ਰੁ. ਆਉਣ ਦਾ ਅਨੁਮਾਨ ਹੈ। ਰਾਜ ਖੇਤਰ ਵਿਚ ਡਬਲਯੂ.ਐੱਸ.ਸੀ. ਦੀ ਸਥਾਪਨਾ ਲਈ ਰਾਜ ਸਰਕਾਰ ਨੂੰ ਹੇਠ ਲਿਖੇ ਵੇਰਵੇ ਦੇ ਅਨੁਸਾਰ 208.00 ਲੱਖ ਰੁਪਏ ਭਾਵ 520.00 ਲੱਖ ਰੁ. ਦੀ ਕੁਲ ਇਕੋ ਵਾਰ ਹੋਣ ਵਾਲੀ ਲਾਗਤ ਦੇ 40% ਦੀ ਸਹਾਇਤਾ ਪ੍ਰਦਾਨ ਕੀਤੀ ਜਾਏਗੀ।

| | | |
|---|---|---|
| | **ਇਕੋ ਵਾਰ ਹੋਣ ਵਾਲਾ ਖ਼ਰਚ** | |
| 1. | ਜ਼ਮੀਨ | ਰਾਜ ਸਰਕਾਰ ਵਲੋਂ ਮੁਫ਼ਤ ਮੁਹੱਈਆ ਕਰਾਏ ਜਾਣੀ ਹੈ। |
| 2. | ਪੂੰਜੀਗਤ ਖ਼ਰਚ | ਪ੍ਰਸ਼ਾਸਨਿਕ ਤੇ ਤਕਨੀਕੀ ਖੰਡਾਂ ਅਤੇ ਸਟਾਫ਼ ਕੁਆਟਰਾਂ ਦੇ ਨਿਰਮਾਣ ਲਈ 500.00 ਲੱਖ ਰੁ. |
| 3. | ਫਰਨੀਚਰ ਤੇ ਜੁੜਨਾਰ | 5.00 ਲੱਖ ਰੁ. |
| 4. | ਮਸ਼ੀਨਾਂ ਅਤੇ ਉਪਕਰਣ (ਸੀ.ਏ.ਡੀ./ਕੰਪਿਊਟਰ/ ਜਾਂਚ ਉਪਕਰਣ ਆਦਿ ਸਹਿਤ) | 15.00 ਲੱਖ ਰੁ. |
| | ਕੁਲ | 520.00 ਲੱਖ ਰੁ. |
| | **ਵਾਰ-ਵਾਰ ਹੋਣ ਵਾਲਾ ਖ਼ਰਚ** | |
| 1. | ਤਨਖ਼ਾਹ (ਹਰ ਸਾਲ) | 35.00 ਲੱਖ ਰੁ. |
| 2. | ਮਜ਼ਦੂਰੀ, ਓ.ਟੀ.ਏ., ਯਾਤਰਾ, ਦਫ਼ਤਰ ਖ਼ਰਚ, ਛੋਟੇ-ਮੋਟੇ ਕੰਮ, ਕਿਰਾਇਆ ਦਰਾਂ ਅਤੇ ਟੈਕਸ, ਵਜ਼ੀਫ਼ੇ ਆਦਿ ਤੇ ਹੋਰ ਖ਼ਰਚ (ਹਰ ਸਾਲ) | 15.20 ਲੱਖ ਰੁ. |
| | ਕੁਲ | 50.20 ਲੱਖ ਰੁ. ਹਰ ਸਾਲ (251.00 ਲੱਖ ਰੁ. 5 ਸਾਲ ਤਕ) |

**ਕਾਰਜਕਾਰੀ ਏਜੰਸੀ :** ਇਸ ਭਾਗ ਦਾ ਕਾਰਜ ਸਬੰਧਤ ਰਾਜ ਸਰਕਾਰ ਵਲੋਂ ਕੀਤਾ ਜਾਏਗਾ।

## 3.1.5 ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੇ ਕਰਮਚਾਰੀਆਂ ਦੀ ਟਰੇਨਿੰਗ

ਤਕਨੀਕ ਦੇ ਵਿਕਾਸ ਅਤੇ ਮੁਕਤ ਅਰਥ-ਵਿਵਸਥਾ ਵਲੋਂ ਦਰਪੇਸ਼ ਚੁਣੌਤੀਆਂ ਅਤੇ ਫ਼ੈਸ਼ਨ ਤੇ ਡਿਜ਼ਾਇਨ ਦੀਆਂ ਬਿਰਤੀਆਂ ਵਿਚ ਤੇਜ਼ੀ ਨਾਲ ਹੋ ਰਹੇ ਬਦਲਾਵਾਂ ਦਾ ਸਾਹਮਣਾ ਕਰਨ ਲਈ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੇ ਕਰਮਚਾਰੀਆਂ ਨੂੰ ਉਤਪਾਦਨ ਦੀ ਆਧੁਨਿਕ ਤਕਨੀਕਾਂ, ਬਜ਼ਾਰ ਸਬੰਧੀ ਬਿਰਤੀ ਦਾ ਵਿਸ਼ਲੇਸ਼ਣ, ਲਾਗਤ ਵਿਸ਼ਲੇਸ਼ਣ ਅਤੇ ਕੰਪਿਊਟਰ ਤੇ ਸੀ.ਏ.ਡੀ. ਪ੍ਰਣਾਲੀ ਦੇ ਉਪਯੋਗ ਨਾਲ ਡਿਜ਼ਾਇਨ ਵਿਕਾਸ ਵਿਚ ਟਰੇਂਡ ਕਰਨ ਦੀ ਜ਼ਰੂਰਤ ਹੈ। ਇਸਭਾਗ ਵਿਚ ਪ੍ਰਸਿੱਧ ਅੰਤਰਰਾਸ਼ਟਰੀ/ਰਾਸ਼ਟਰੀ ਅਤੇ ਰਾਜ ਪੱਧਰ ਦੇ ਸੰਸਥਾਨਾਂ ਦੇ ਚੋਣਵੇਂ ਸਿਲੇਬਸਾਂ ਵਿਚ ਡਬਲਯੂ.ਐੱਸ.ਸੀ./ਆਈ.ਆਈ.ਐੱਚ.ਟੀ. ਦੇ ਕਰਮਚਾਰੀਆਂ ਦੀ ਟਰੇਨਿੰਗ ਦਾ ਨਿਯਮ ਹੈ।

## 3.2 ਰਾਸ਼ਟਰੀ ਟੈਕਸਾਈਲ ਡਿਜ਼ਾਇਨ ਕੇਂਦਰ (ਐੱਨ.ਸੀ.ਟੀ.ਡੀ.)

ਪਰੰਪਰਾਗਤ ਅਤੇ ਸਮਕਾਲੀ ਡਿਜ਼ਾਇਨਾਂ ਦੇ ਵਿਕਾਸ ਲਈ ਰਾਸ਼ਟਰੀ ਟੈਕਸਟਾਈਲ ਡਿਜ਼ਾਇਨ ਕੇਂਦਰ (ਸਾਬਕਾ ਰਾਸ਼ਟਰੀ ਡਿਜ਼ਾਇਨ ਕੇਂਦਰ) ਦੀ ਸਥਾਪਨਾ ਸਾਲ 2001 ਵਿਚ ਕੀਤੀ ਗਈ ਹੈ ਤਾਂਕਿ ਉਨ੍ਹਾਂ ਨੂੰ ਤੇਜ਼ੀ ਨਾਲ ਬਦਲ ਰਹੀ ਬਜ਼ਾਰ ਮੰਗ ਦੇ ਅਨੁਸਾਰ ਬਣਾਇਆ ਜਾ ਸਕੇ ਜਿਸ ਦੇ ਰਾਹੀਂ ਆਮ ਤੌਰ ਤੇ ਕੱਪੜਾ ਉਦਯੋਗ ਅਤੇ ਖਾਸ ਤੌਰ ਤੇ ਹੱਥਖੱਡੀ ਖੇਤਰ ਨੂੰ ਵਾਧੇ ਦੇ ਲੋੜੀਂਦੇ ਮੌਕੇ ਪ੍ਰਾਪਤ ਹੋ ਸਕਣ।

ਐੱਨ.ਸੀ.ਟੀ.ਡੀ. ਦੇ ਟੀਚੇ ਅਤੇ ਉਦੇਸ਼ ਹੇਠ ਲਿਖੇ ਅਨੁਸਾਰ ਹਨ :

1. ਕੱਪੜਾ ਉਦਯੋਗ ਲਈ ਡਿਜ਼ਾਇਨ ਸਬੰਧੀ ਜਾਣਕਾਰੀ, ਡਿਜ਼ਾਇਨ ਸਬੰਧੀ ਮਾਰਗ ਦਰਸ਼ਨ ਅਤੇ ਨਿਰਦੇਸ਼ਨਾਂ ਦੇ ਸੌਖੇ ਪ੍ਰਵਾਹ ਲਈ ਕੱਪੜਾ ਉਦਯੋਗ, ਡਿਜ਼ਾਇਨਰਾਂ, ਪੋਸ਼ਾਕ ਨਿਰਮਾਤਾਵਾਂ, ਹੱਥਖੱਡੀ ਬੁਣਕਰਾਂ ਅਤੇ ਅਲੱਗ-ਅਲੱਗ ਉਤਪਾਦ ਸ਼੍ਰੇਣੀਆਂ ਦੇ ਦੁਕਾਨਦਾਰਾਂ ਦੇ ਸਾਰੇ ਵਰਗਾਂ ਦੇ ਵਿਚਕਾਰ ਵਿਚਾਰ-ਵਟਾਂਦਰੇ ਲਈ ਇਕ ਮੰਚ ਉਪਲਬਧ ਕਰਾਉਣਾ।
2. ਬੁਣਕਰ ਸੇਵਾ ਕੇਂਦਰਾਂ, ਕੇਂਦਰਾਂ ਦੇ ਖ਼ੁਦ ਦੇ ਰਿਸਰਚ ਅਤੇ ਵਿਕਾਸ ਸਬੰਧੀ ਯਤਨਾਂ, ਪ੍ਰਦਰਸ਼ਨੀਆਂ ਅਤੇ ਖ਼ਰੀਦੀ ਗਈ ਅਤੇ ਬਜ਼ਾਰ ਜਾਂ ਹੋਰ ਸਰੋਤਾਂ ਤੋਂ ਪ੍ਰਾਪਤ ਕੀਤੇ ਗਏ ਡਿਜ਼ਾਇਨਾਂ ਦੇ ਸੰਕਲਨ ਲਈ ਇਕ ਕੇਂਦਰੀਕ੍ਰਿਤ ਪੂਲ ਦੀ ਸਥਾਪਨਾ ਕਰਨਾ, ਚਲਾਉਣਾ ਅਤੇ ਉਸ ਦਾ ਰਖ-ਰਖਾਵ ਕਰਨਾ, ਹਰੇਕ ਡਿਜ਼ਾਇਨ ਦੇ ਤਕਨੀਕੀ ਪਹਿਲੂ ਸੰਬੰਧੀ ਦਸਤਾਵੇਜ਼ ਤਿਆਰ ਕਰਨੇ ਅਤੇ ਮੰਗ ਕੀਤੇ ਜਾਣ ਤੇ ਇਹ ਡਿਜ਼ਾਇਨ ਏਜੰਸੀਆਂ ਨੂੰ ਮੁਹੱਈਆ ਕਰਾਉਣੇ।

ਐੱਨ.ਸੀ.ਟੀ.ਡੀ. ਦੇ ਟੀਚਿਆਂ ਅਤੇ ਉਦੇਸ਼ਾਂ ਨੂੰ ਹੇਠ ਲਿਖੇ ਆਨ-ਲਾਈਨ ਅਤੇ ਆਫ-ਲਾਈਨ ਕਾਰਜਾਂ ਦੇ ਜ਼ਰੀਏ ਪ੍ਰਾਪਤ ਕੀਤਾ ਜਾਏਗਾ।

**ਆੱਨ-ਲਾਈਨ ਕਾਰਜਾਂ ਵਿਚ :** (i) ਪ੍ਰਵਿਰਤੀਆਂ ਅਤੇ ਰੰਗ ਸਬੰਧੀ ਪੂਰਵ ਅਨੁਮਾਨ, (ii) ਡਿਜ਼ਾਇਨ ਪੂਲ, (iii) ਡਿਜ਼ਾਇਨਰਾਂ ਦਾ ਪੈਨਲ, (iv) ਕੱਪੜੇ ਨਾਲ ਜੁੜੀਆਂ ਵੈਬਸਾਈਟਾਂ ਦੇ ਨਾਲ ਸਬੰਧ, (v) ਭਾਰਤੀ ਕੱਪੜਾ, (vi) ਉਦਯੋਗ ਅਤੇ ਯੈਲੋ ਪੇਜਾਂ ਨਾਲ ਸਬੰਧੀ ਅੰਕੜਾ ਅਧਾਰ, (vii) ਪੁਰਾਣੇ ਕੱਪੜਿਆਂ ਦਾ ਵਾਸਤਵਿਕ ਮਿਊਜ਼ੀਅਮ ਸ਼ਾਮਲ ਹੈ।

**ਆਫ-ਲਾਈਨ ਕਾਰਜਾਂ ਵਿਚ :** (i) ਬੇਹਤਰ ਪ੍ਰਦਰਸ਼ਨ ਅਤੇ ਦ੍ਰਿਸ਼ਟੀਗੋਚਰਤਾ ਲਈ ਨਿਰੰਤਰ ਅਧਾਰ ਤੇ ਖ਼ਾਸ ਮੂਲ ਵਿਸ਼ੇ 'ਤੇ ਅਧਾਰਤ ਪ੍ਰਦਰਸ਼ਨੀਆਂ ਦਾ ਆਯੋਜਨ ਕਰਨਾ ਅਤੇ (ii) ਪੇਟੈਂਟ, ਕਾਪੀਰਾਈਟ, ਗੈਰ-ਟੈਰਿਫ ਰੁਕਾਵਟਾਂ, ਐਂਟੀ-ਡੰਪਿੰਗ ਆਦਿ ਦੇ ਖੇਤਰ ਵਿਚ ਸੇਵਾ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨਾ ਸ਼ਾਮਲ ਹੋਵੇਗਾ। ਇਸ ਸਬੰਧ ਵਿਚ ਸਾਈਟ ਸੁਰੱਖਿਆ ਅਤੇ ਪਾਸਵਰਡ ਸੁਰੱਖਿਆ ਆਦਿ ਵਰਗੇ ਆਈ.ਟੀ. ਖੇਤਰ ਵਿਚ ਨਵੇਂ ਬਣੇ ਕਾਨੂੰਨਾਂ ਅਤੇ ਪ੍ਰਕ੍ਰਿਆਵਾਂ ਦੇ ਬਾਰੇ ਵਿਚ ਸੂਚਨਾ ਮੁਹੱਈਆ ਕਰਾਉਣ ਲਈ ਇਕ ਲੀਗਲ ਸੈੱਲ ਦੀ ਸਥਾਪਨਾ ਕੀਤੀ ਜਾਏਗੀ।

11ਵੀ. ਯੋਜਨਾ ਦੇ ਦੌਰਾਨ ਐੱਨ.ਸੀ.ਟੀ.ਡੀ. ਦੇ ਕਾਰਜ ਮਜ਼ਬੂਤੀਕਰਨ ਤੇ ਕੇਂਦਰਿਤ ਹੋਣਗੇ। ਮੁੱਖ ਖ਼ਰਚ ਹੇਠ ਲਿਖੇ ਉੱਤੇ ਕੀਤਾ ਜਾਏਗਾ :-

1. ਵੈਬਸਾਈਟ ਦਾ ਵਿਕਾਸ ;
2. ਵੈਬਸਾਈਟ ਦਾ ਪ੍ਰਚਾਰ ;
3. ਡਿਜ਼ਾਇਨ ਸਬੰਧੀ ਬਿਰਤੀਆਂ ਅਤੇ ਰੰਗ ਸਬੰਧੀ ਪੂਰਵ ਅਨੁਮਾਨ ਪ੍ਰਾਪਤ ਕਰਨਾ ;
4. ਮੂਲ ਵਿਸ਼ੇ ਤੇ ਅਧਾਰਤ ਨਮੂਨਾ/ਯਾਰਡ ਵਿਕਾਸ ;
5. ਨਿਰੰਤਰ ਅਧਾਰ ਤੇ ਮੂਲ ਵਿਸ਼ੇ ਤੇ ਅਧਾਰਤ ਪ੍ਰਦਰਸ਼ਨੀਆਂ ਦਾ ਆਯੋਜਨ ;
6. ਪ੍ਰਦਰਸ਼ਨੀ ਦਾ ਪ੍ਰਚਾਰ ;
7. ਕੇਂਦਰ ਦੇ ਰੱਖ-ਰਖਾਵ ਨਾਲ ਸਬੰਧਤ ਵਾਰ-ਵਾਰ ਆਉਣ ਵਾਲੀ ਲਾਗਤ ਆਦਿ।

## 3.3 ਰਿਸਰਚ ਅਤੇ ਵਿਕਾਸ (ਆਰ ਐਂਡ ਡੀ)

ਇਸ ਭਾਗ ਵਿਚ ਰਿਸਰਚ, ਸਰਵੇਖਣ, ਡਿਜ਼ਾਇਨ ਬਣਾਉਣਾ ਅਤੇ ਵਿਕਾਸ, ਤਕਨੀਕੀ ਸੁਧਾਰ/ਵਿਕਾਸ, ਡਿਜ਼ਾਇਨ ਜਾਂ ਤਕਨੀਕੀ ਵਿਕਾਸ ਲਈ ਕੰਪਿਊਟਰ ਆਦਿ ਵਰਗੇ ਉਪਕਰਣ ਉਪਲਬਧ ਕਰਾਉਣ, ਹੱਥਖੱਡੀ ਸਬੰਧੀ ਉਤਪਾਦਾਂ ਦੇ ਵਿਕਾਸ ਲਈ ਕਾਰਜ ਨੀਤੀਆਂ/ਉਪਾਅ ਤਿਆਰ ਕਰਨੇ, ਗੁਣਵੱਤਾ ਵਿਕਾਸ, ਵਪਾਰ ਅਤੇ ਟਰੇਨਿੰਗ ਪ੍ਰੋਗਰਾਮ/ਸੈਮੀਨਾਰਾਂ ਆਦਿ ਦੇ ਜ਼ਰੀਏ ਸੂਚਨਾ ਦੇ ਪ੍ਰਸਾਰ ਲਈ ਆਰਥਿਕ ਸਹਾਇਤਾ ਦਾ ਨਿਯਮ ਹੈ। ਖੋਜੀ ਕਾਰਜ, ਅਨੁਭਵ ਸਬੰਧੀ ਕਾਰਜਾਂ ਆਦਿ ਅਤੇ ਖੇਤਰ ਦੇ ਸੰਗਠਨਾਤਮਕ ਪਹਿਲੂਆਂ ਨਾਲ ਸਬੰਧਤ ਰਿਸਰਚ ਦੇ ਜਰੀਏ ਹੱਥਖੱਡੀ ਖੇਤਰ ਵਿਚ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਦੇ ਬਾਰੇ ਵਿਚ ਕੋਈ ਹੋਰ ਪ੍ਰਸਤਾਵ।

### ਸਹਾਇਤਾ ਲਈ ਯੋਗ ਸੰਗਠਨ :

ਰਿਸਰਚ ਅਤੇ ਵਿਕਾਸ ਦੇ ਅਧੀਨ ਸਹਾਇਤਾ ਬੁਣਕਰ ਸੰਗਠਨਾਂ ਕਿਸੇ ਵੀ ਕਾਨੂੰਨੀ ਐਕਟ (ਕੰਪਨੀ ਐਕਟ ਆਦਿ) ਦੇ ਅਧੀਨ ਰਜਿਸਟਰਡ ਗੈਰ-ਸਰਕਾਰੀ ਸੰਗਠਨਾਂ, ਯੋਜਨਾ ਦੇ ਕਾਰਗਰ ਕਾਰਜ ਲਈ ਮੂਲਭੂਤ ਢਾਂਚਾ ਰਖਣ ਵਾਲੇ ਆਈ.ਆਈ.ਐਚ.ਟੀ. ਅਤੇ ਡਬਲਯੂ.ਐੱਸ.ਸੀ. ਸਹਿਤ ਯੂਨੀਵਰਸਿਟੀਆਂ ਅਤੇ ਮਾਨਤਾ ਪ੍ਰਾਪਤ ਰਿਸਰਚ ਸੰਸਥਾਨਾਂ ਨੂੰ ਪ੍ਰਦਾਨ ਕੀਤੀ ਜਾ ਸਕੇਗੀ।

## 3.4 ਜੰਮੂ-ਕਸ਼ਮੀਰ ਉੱਨ ਵਿਕਾਸ ਪਰਿਯੋਜਨਾ :

10ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ "ਪ੍ਰਧਾਨ ਮੰਤਰੀ ਦੇ ਆਰਥਿਕ ਪੈਕੇਜ" ਦੇ ਅਧੀਨ ਜੰਮੂ ਤੇ ਕਸ਼ਮੀਰ ਰਾਜ ਲਈ ਹੱਥਖੱਡੀ ਖੇਤਰ ਨਾਲ ਸੰਬੰਧਤ "ਇੰਟੀਗ੍ਰੇਟੇਡ ਪ੍ਰੋਜੈਕਟ ਡਿਵਲਪਮੈਂਟ ਆਫ ਵੂਲ ਐਂਡ ਵੂਲਨ ਡਿਜ਼ਾਇਨ ਅਤੇ ਡਿਵਲਪਮੈਂਟ ਸੈਂਟਰ" ਨਾਮ ਖ਼ਾਸ ਵਿਕਾਸ ਪਰਿਯੋਜਨਾ ਪ੍ਰਵਾਨਿਤ ਕੀਤੀ ਗਈ ਸੀ।

ਇਸ ਪਰਿਯੋਜਨਾ ਵਿਚ ਵਪਾਰ ਅਤੇ ਬਜ਼ਾਰ ਰਿਸਰਚ ਸਹਿਤ ਤਕਨੀਕੀ ਸਹਾਇਤਾ, ਉਤਪਾਦ ਮਾਨਕੀਕਰਣ, ਸਮੱਗਰੀ ਦੀ ਜਾਂਚ, ਡਿਜ਼ਾਇਨ ਵਿਕਾਸ, ਬੁਣਾਈ ਮਗਰੋਂ ਪ੍ਰਕ੍ਰਿਆਵਾਂ, ਕਰਮਚਾਰੀਆਂ ਦੀ ਟਰੇਨਿੰਗ, ਫਿਨਿਸ਼ਿੰਗ ਪ੍ਰਕ੍ਰਿਆ ਅਤੇ ਮਸ਼ੀਨਾਂ ਦੇ ਵਿਕਾਸ ਸਹਿਤ ਜੰਮੂ ਤੇ ਕਸ਼ਮੀਰ ਲਈ ਉੱਨੀ ਕੱਪੜਾ ਖੇਤਰ ਦੇ ਪੂਰਨ ਵਿਕਾਸ ਲਈ ਵਿਭਿੰਨ ਪਹਿਲੂਆਂ ਦੀ ਕਲਪਨਾ ਕੀਤੀ ਗਈ ਸੀ। ਇਸ ਲਈ ਇਸ ਨਾਲ ਜੰਮੂ ਤੇ ਕਸ਼ਮੀਰ ਰਾਜ ਦੇ ਬੁਣਕਰਾਂ ਦੇ ਗਿਆਰ ਅਧਾਰ, ਕੁਸ਼ਲਤਾ, ਮੂਲਭੂਤ ਤਕਨੀਕੀ ਸਮਾਨ ਅਤੇ ਸਾਧਨ ਅਤੇ ਵਪਾਰਕ ਮੌਕਿਆਂ ਦੇ ਵਿਕਾਸ ਰਾਹੀਂ ਉਨ੍ਹਾਂ ਦੀ ਆਮਦਨ ਅਤੇ ਸਮਾਜਿਕ-ਆਰਥਿਕ ਸਥਿਤੀ ਵਿਚ ਵਾਧਾ ਹੋਵੇਗਾ। ਇਹ ਪਰਿਯੋਜਨਾ 4.93 ਕਰੋੜ ਰੁ. ਦੀ ਕੁਲ ਲਾਗਤ ਨਾਲ ਪ੍ਰਵਾਨਿਤ ਕੀਤੀ ਗਈ ਹੈ। ਇਹ ਪਰਿਯੋਜਨਾ ਰਾਮ ਬਾਗ ਰੇਸ਼ਮ ਫੈਕਟਰੀ, ਸ੍ਰੀਨਗਰ ਵਿਚ ਸਥਾਪਤ ਕੀਤੀ ਗਈ ਹੈ।

**ਕਾਰਜਕਾਰੀ ਏਜੰਸੀ** : ਰਾਜ ਸਰਕਾਰ ਵਲੋਂ ਨਾਮਜ਼ਦ ਜੰਮੂ ਅਤੇ ਕਸ਼ਮੀਰ ਰਾਜ ਹੱਥਖੱਡੀ ਵਿਕਾਸ ਨਿਗਮ, ਜੰਮੂ ਇਸ ਪਰਿਯੋਜਨਾ ਦੀ ਕਾਰਜਕਾਰੀ ਏਜੰਸੀ ਹੈ।

## 3.5 ਕੇਂਦਰੀ ਖੇਤਰ ਵਿਚ ਭਾਰਤੀ ਹੱਥਖੱਡੀ ਤਕਨੀਕੀ ਸੰਸਥਾਵਾਂ ਦੀ ਸਥਾਪਨਾ, ਬਾਰਗੜ੍ਹ

ਹੱਥਖੱਡੀ ਖੇਤਰ ਦੀ ਤਕਨੀਕੀ ਰੂਪ ਨਾਲ ਯੋਗ ਜਨਸ਼ਕਤੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 11ਵੀਂ ਯੋਜਨਾ ਦੇ ਕੇਂਦਰੀ ਖੇਤਰ ਵਿਚ ਲੋੜ ਅਨੁਸਾਰ ਆਈ.ਆਈ.ਐੱਚ.ਟੀ. ਖੋਲ੍ਹਣ ਦਾ ਪ੍ਰਬੰਧ ਕੀਤਾ ਗਿਆ ਹੈ। ਅਗਸਤ, 2006 ਵਿਚ ਮਾਨਯੋਗ ਪ੍ਰਧਾਨਮੰਤਰੀ ਵਲੋਂ ਉੜੀਸਾ ਰਾਜ ਦੀ ਯਾਤਰਾ ਦੇ ਦੌਰਾਨ ਕੀਤੇ ਗਏ ਐਲਾਨ ਦੇ ਅਨੁਸਾਰ ਉਪਰੋਕਤ ਆਈ.ਆਈ. ਐੱਚ.ਟੀ. ਦੀ ਸਥਾਪਨਾ ਬਾਰਗੜ੍ਹ (ਉੜੀਸਾ) ਵਿਚ ਕੀਤੀ ਜਾ ਰਹੀ ਹੈ। ਮਨਜ਼ੂਰਸ਼ੁਦਾ ਮਾਨਦੰਡਾਂ ਦੇ ਅਨੁਸਾਰ ਆਈ.ਆਈ. ਐੱਚ.ਟੀ. ਦੀ ਸਥਾਪਨਾ ਦੀ ਕੁਲ ਲਾਗਤ 13.05 ਕਰੋੜ ਰੁ. ਹੈ।

ਵਰਤਮਾਨ ਵਿਚ, ਭਾਰਤੀ ਹੱਥਖੱਡੀ ਤਕਨੀਕੀ ਸੰਸਥਾ ਨੇ ਪੰਚਾਇਤ ਕਾਲਜ, ਬਾਰਗੜ੍ਹ ਦੇ ਅਹਾਤੇ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਅਤੇ ਪਿੰਡ ਤੰਤਲਾ, ਭਾਟਲੀ ਰੋਡ, ਬਾਰਗੜ੍ਹ ਵਿਚ ਉੜੀਸਾ ਸਰਕਾਰ ਵਲੋਂ 27.46 ਏਕੜ ਮੁਫ਼ਤ ਪ੍ਰਦਾਨ ਕੀਤੀ ਗਈ ਜ਼ਮੀਨ ਉੱਤੇ 17.11.2008 ਨੂੰ ਕੇਂਦਰੀ ਕੱਪੜਾ ਮੰਤਰੀ ਵਲੋਂ ਨੀਂਹ ਪੱਥਰ ਰਖਿਆ ਗਿਆ।